Q-14/2051 4866/MK

# ਪੰਜਾਬੀ ਲਾਜ਼ਮੀ (ਮੁਢਲਾ ਗਿਆਨ)
## ਸੈੱਟ ਬੀ

ਸਮਾਂ 3 ਘੰਟੇ

ਕੁੱਲ ਅੰਕ- 35

### ਭਾਗ-ੳ

1. ਸ਼ਬਦ ਜੋੜ ਬਣਾਓ। 05
   (ੳ) ਚਾਰ ਦੋ ਅੱਖਰੀ ਸ਼ਬਦ ਲਿਖੋ।
   (ਅ) ਤਿੰਨ, ਤਿੰਨ ਅੱਖਰੀ ਸ਼ਬਦ ਲਿਖੋ।
   (ੲ) ਤਿੰਨ ਬਹੁ ਅੱਖਰੀ ਸ਼ਬਦ ਲਿਖੋ।

2. ਸ਼ਬਦ ਸ਼੍ਰੇਣੀਆਂ ਅਤੇ ਵਿਆਕਰਨਕ ਵਰਗ। 05
   (ੳ) ਪੜਨਾਂਵ ਸ਼੍ਰੇਣੀ ਦੇ ਪੰਜ ਸ਼ਬਦ ਲਿਖੋ। ਜਾਂ
   ਕਿਰਿਆ ਸ਼੍ਰੇਣੀ ਦੇ ਪੰਜ ਸ਼ਬਦ ਲਿਖੋ।
   (ਅ) ਹੇਠ ਲਿਖੇ ਕਿਸੇ ਪੰਜ ਸ਼ਬਦਾਂ ਦੇ ਵਚਨ ਬਦਲੋ :
   ਕਿਤਾਬ, ਦਰਵਾਜਾ, ਬੱਚੇ, ਸੜਕ, ਦੁਆ, ਪੈਨਸਿਲ, ਕਮਰਾ

### ਭਾਗ-ਅ

1. ਸ਼ਬਦ ਬਣਤਰਾਂ ਅਤੇ ਵਿਆਕਰਨਕ ਇਕਾਈਆਂ। 3+2=05
   (ੳ) ਬੇ ਅਗੇਤਰ ਦੀ ਵਰਤੋਂ ਕਰਕੇ ਤਿੰਨ ਸ਼ਬਦ ਬਣਾਓ।
   (ਅ) ਕਿਰਿਆ ਵਿਸ਼ੇਸ਼ਣ ਦੀ ਵਰਤੋਂ ਕਰਕੇ ਦੋ ਵਾਕ ਬਣਾਓ।

2. ਵਿਸ਼ਰਾਮ ਚਿੰਨ੍ਹਾਂ ਦੀ ਪਛਾਣ ਤੇ ਵਰਤੋਂ। 05
   (ੳ) ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ ਚਿੰਨ੍ਹਾਂ ਦੀ ਮਦਦ ਨਾਲ ਸ਼ੁੱਧ ਕਰਕੇ ਲਿਖੋ।

ਪਹਿਲਾਂ ਤਾਂ ਮਨ ਦੁਫ਼ਾੜ ਹੁੰਦੇ ਨੇ ਵਿਹੜੇ ਤੇ ਜ਼ਮੀਨਾਂ ਤਾਂ ਕਿਤੇ ਬਾਅਦ 'ਚ ਵੰਡੇ ਜਾਂਦੇ ਆ ਪੁੱਤਰੋ ਗੱਲ ਮੁਕਾਉਂਦਿਆਂ ਕਿਹਾ ਸੀ ਉਸਨੇ ਉਦ ਹਾੜ ਦੀ ਤਿੱਖੜ ਦੁਪਹਿਰ ਸੀ ਨਿੰਮ ਦੀ ਸੰਘਣੀ ਛਾਵੇਂ ਅੱਠ ਦਸ ਮੰਜੇ ਡੱਠੇ ਹੋਏ ਸਨ ਪਿੰਡ ਦੇ ਮੁਹਤਬਰ ਬੰਦੇ ਇਕੱਠੇ ਹੋ ਰਹੇ ਸਨ ਸਭ ਤਰ੍ਹਾਂ ਦੇ ਹਲ ਪੰਜਾਲੀਆਂ ਮੰਜੇ ਬਿਸਤਰੇ ਛੋਟੇ-ਵੱਡੇ ਭਾਡੇ ਤੇ ਹੋਰ ਨਿੱਕ-ਸੁੱਕ ਵਿਹੜੇ ਚ ਇਕੱਠਾ ਕੀਤਾ ਜਾ ਰਿਹਾ ਸੀ

### ਭਾਗ ੲ

1. ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਦੇਣੇ ਲਾਜ਼ਮੀ ਹਨ । 15

I. ਸ਼ਹਿਰ ਬਹੁਤ ਦੂਰ ਹੈ। (ਨਾਂਵ ਸ਼ਬਦ ਪਛਾਣੋ)
II. ਕੁੜੀ ਨੇ ਕਿਤਾਬ ਪੜ੍ਹੀ। (ਵਾਕ ਦਾ ਲਿੰਗ ਬਦਲੋ)
III. ਅਸੀਂ ਜਾ ਰਹੇ ਹਾਂ। (ਪੜਨਾਂਵ ਸ਼ਬਦ ਪਛਾਣੋ)
IV. ਦਾਰ ਪਿਛੇਤਰ ਲਗਾ ਕੇ ਇੱਕ ਸ਼ਬਦ ਬਣਾਓ।
V. ਲਾ ਅਗੇਤਰ ਲਗਾ ਕੇ ਇੱਕ ਸ਼ਬਦ ਬਣਾਓ।
VI. ਮੈਂ ਪੜ੍ਹ ਰਿਹਾ ਹਾਂ। (ਵਾਕ ਵਿਚਲਾ ਪੁਰਖ ਪਛਾਣੋ)
VII. ਕਾਲੀ ਬਿੱਲੀ ਜਾ ਰਹੀ ਹੈ। (ਵਿਸ਼ੇਸ਼ਣ ਦੀ ਪਛਾਣ ਕਰੋ)

VIII. ਬੱਚੇ ਪਤੰਗ ਉਡਾ ਰਹੇ ਹਨ। (ਮੁੱਖ ਕਿਰਿਆ ਪਛਾਣੋ)

IX. ਸਾਰੇ ਬੱਚੇ ਤੇਜ਼ ਦੌੜ ਰਹੇ ਹਨ। (ਕਿਰਿਆ ਵਿਸ਼ੇਸ਼ਣ ਦੀ ਪਛਾਣ ਕਰੋ)

X. ਮੁੰਡਾ ਜਾਂਦੀ ਹੈ। (ਵਾਕ ਸ਼ੁੱਧ ਕਰਕੇ ਲਿਖੋ)

XI. ਕੁੜੀਆਂ ਖੇਡ ਰਹੀ ਹੈ। (ਵਾਕ ਸ਼ੁੱਧ ਕਰਕੇ ਲਿਖੋ)

XII. ਉਸਨੇ ਕਿਹਾ ਤੁਸੀਂ ਜਾਓ। (ਵਿਸ਼ਰਾਮ ਚਿੰਨ੍ਹ ਲਗਾਓ)

XIII. ਅਮੀਰ ਦਾ ਵਿਰੋਧੀ ਸ਼ਬਦ ਲਿਖੋ।

XIV. ਕੋਈ ਇੱਕ ਸਹਾਇਕ ਕਿਰਿਆ ਲਿਖੋ।

XV. ਅਸੀਂ ਜ਼ਰੂਰ ਜਿੱਤ ਜਾਵਾਂਗੇ। (ਕਾਲ ਦੀ ਕਿਸਮ ਦੱਸੋ)